a2zpapers.com

**Exam. Code : 107201**
**Subject Code : 2012**

## BCA Semester—I

## V (i) : PUNJABI COMPULSORY

Time Allowed—3 Hours] [Maximum Marks—50

**ਨੋਟ:-** ਸਾਰੇ ਪ੍ਰਸ਼ਨ ਕਰਨੇ ਲਾਜ਼ਮੀ ਹਨ।

1. 'ਭਰੂਣ ਹੱਤਿਆ ਦੇ ਦੇਸ਼ ਵਿੱਚ' ਨਿਬੰਧ ਦੇ ਵਿਸ਼ੇ ਬਾਰੇ ਵਿਚਾਰ ਕਰੋ।

**ਜਾਂ**

'ਨਾਰੀ ਸ਼ਕਤੀ' ਨਿਬੰਧ ਦਾ ਸਾਰ ਆਪਣੇ ਸ਼ਬਦਾਂ ਵਿੱਚ ਲਿਖੋ। 10

2. 'ਖਾਨਗਾਹੀਂ ਦੀਵੇ ਬਾਲਦੀਏ' ਕਵਿਤਾ ਦਾ ਵਿਸ਼ਾ ਵਸਤੂ ਲਿਖੋ।

**ਜਾਂ**

'ਅੱਜ ਆਖਾਂ ਵਾਰਿਸ ਸ਼ਾਹ ਨੂੰ' ਕਵਿਤਾ ਦੀਆਂ ਕਾਵਿਕ ਵਿਸ਼ੇਸ਼ਤਾਵਾਂ ਲਿਖੋ 10

3. ਹੇਠ ਲਿਖੇ ਵਿਸ਼ਿਆਂ ਵਿੱਚੋਂ ਕਿਸੇ **ਇੱਕ** ਉੱਪਰ ਪੈਰ੍ਹਾ ਰਚਨਾ ਕਰੋ :

(ੳ) ਗਰੀਬੀ

(ਅ) ਮੀਡੀਆ

(ੲ) ਮਹਿੰਗਾਈ। 5



www.a2zpapers.com
a2zpapers.com

a2zpapers.com

4. ਹੇਠ ਲਿਖੇ ਪੈਰ੍ਹੇ ਨੂੰ ਪੜ੍ਹ ਕੇ ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਓ :

ਕਾਰਖ਼ਾਨਿਆਂ ਅਤੇ ਵਾਹਨਾਂ ਆਦਿ ਨੇ ਇਨ੍ਹਾਂ ਸ਼ਹਿਰ ਦੀ ਹਵਾ ਨੂੰ ਸਾਹ ਲੈਣ ਦੇ ਯੋਗ ਨਹੀਂ ਰਹਿਣ ਦਿੱਤਾ। ਵਾਹਨਾਂ ਵਿੱਚ ਵਰਤੇ ਜਾਂਦੇ ਪੈਟਰੋਲ ਤੇ ਡੀਜ਼ਲ ਨਾਲ ਹਵਾ ਦਾ ਪ੍ਰਦੂਸ਼ਣ ਵਧਦਾ ਜਾ ਰਿਹਾ ਹੈ। ਪੈਟਰੋਲ ਪੰਪਾਂ ਦੇ ਆਲੇ-ਦੁਆਲੇ ਵਾਸ਼ਪਾਂ ਦੇ ਰੂਪ ਵਿੱਚ ਕਾਰਸਿਨੋ-ਜੈਨਿਕ ਦੀ ਮਾਤਰਾ ਬਹੁਤ ਵਧੇਰੇ ਹੁੰਦੀ ਹੈ ਜਿਸ ਨਾਲ ਕਈ ਬੀਮਾਰੀਆਂ ਦੇ ਫੈਲਣ ਦਾ ਖਤਰਾ ਉਤਪੰਨ ਹੋ ਜਾਂਦਾ ਹੈ। ਟੈਕਸੀ ਚਾਲਕਾਂ ਨੇ ਪੈਟਰੋਲ ਦੀ ਥਾਂ ਡੀਜ਼ਲ ਇੰਜਣ ਅਤੇ ਆਟੋ ਰਿਕਸ਼ਾ ਵਾਲਿਆਂ ਨੇ ਮਿੱਟੀ ਦੇ ਤੇਲ ਦੀ ਵਰਤੋਂ ਵੱਡੇ ਪੱਧਰ 'ਤੇ ਕਰਨੀ ਸ਼ੁਰੂ ਕਰ ਦਿੱਤੀ ਹੈ। ਅਜਿਹਾ ਕਰਨ ਨਾਲ ਇਹ ਵਾਹਨ ਹਵਾ ਵਿੱਚ ਕਾਰਬਨ-ਡਾਇਆਕਸਾਈਡ ਤੇ ਕਾਰਬਨ-ਮੋਨੋਆਕਸਾਈਡ ਛੱਡਦੇ ਹਨ ਅਤੇ ਹਵਾ ਗੰਦੀ ਕਰਦੇ ਰਹਿੰਦੇ ਹਨ। ਇਕ ਅਧਿਐਨ ਅਨੁਸਾਰ ਲੁਧਿਆਣਾ, ਜਲੰਧਰ ਅਤੇ ਅੰਮ੍ਰਿਤਸਰ ਵਿੱਚ ਦਿਨ ਵਿੱਚ ਪ੍ਰਾਈਮ ਸਮਿਆਂ 'ਤੇ 6 ਲੱਖ ਵਾਹਨ ਸੜਕਾਂ 'ਤੇ ਦੌੜ ਰਹੇ ਹੁੰਦੇ ਹਨ। ਇਨ੍ਹਾਂ ਵਿੱਚ 75 ਫ਼ੀਸਦੀ ਦੇ ਲੱਗਭੱਗ ਆਪਣੇ ਵਿੱਚੋਂ ਜ਼ਹਿਰੀਲਾ ਧੂੰਆਂ ਵਾਤਾਵਰਣ ਵਿੱਚ ਸੁੱਟ ਰਹੇ ਹੁੰਦੇ ਹਨ। ਦਿੱਲੀ ਵਿੱਚ 22 ਲੱਖ ਮੋਟਰ ਵਾਹਨ ਹਨ। ਦਿੱਲੀ ਦੇ ਵਾਤਾਵਰਣ ਵਿੱਚ 2000 ਮੀਟਰ ਟਨ ਗੰਧਲਾ ਪਦਾਰਥ ਛੱਡਿਆ ਜਾ ਰਿਹਾ ਹੈ। ਇਸ



www.a2zpapers.com

a2zpapers.com

a2zpapers.com

ਵਿੱਚ 64% ਹਿੱਸਾ ਮੋਟਰ ਵਾਹਨਾਂ ਦਾ ਹੈ। ਜਦੋਂ ਟਰੈਫਿਕ ਕਿਸੇ ਕਾਰਨ ਜਾਮ ਹੋ ਜਾਂਦੀ ਹੈ ਤਾਂ ਕਲਕੱਤੇ ਦੇ ਬਾਜ਼ਾਰਾਂ ਦਾ ਨਜ਼ਾਰਾ ਸਾਹਮਣੇ ਆ ਜਾਂਦਾ ਹੈ ਜਿਥੇ ਧੂੰਏਂ ਕਾਰਨ ਸਾਹ ਲੈਣਾ ਵੀ ਮੁਸ਼ਕਿਲ ਹੁੰਦਾ ਹੈ।

**ਪ੍ਰਸ਼ਨ :**

(ੳ) ਪੈਟਰੋਲ ਤੇ ਡੀਜ਼ਲ ਨਾਲ ਕੀ ਹੋ ਰਿਹਾ ਹੈ ?

(ਅ) ਕਿਹੜੇ ਸ਼ਹਿਰਾਂ ਵਿੱਚ ਲੱਖਾਂ ਦੀ ਗਿਣਤੀ ਵਿੱਚ ਵਾਹਨ ਚੱਲਦੇ ਹਨ ?

(ੲ) ਦਿੱਲੀ ਵਿੱਚ ਮੋਟਰ ਵਾਹਨਾਂ ਦੀ ਗਿਣਤੀ ਕਿੰਨੀ ਹੈ ?

(ਸ) ਦਿੱਲੀ ਵਿੱਚ ਵਾਤਾਵਰਣ ਦੀ ਕੀ ਸਥਿਤੀ ਹੈ ?

(ਹ) ਉਪਰੋਕਤ ਪੈਰ੍ਹੇ ਦਾ ਢੁੱਕਵਾਂ ਸਿਰਲੇਖ ਲਿਖੋ। $5 \times 1 = 5$

5. ਪੰਜਾਬੀ ਦੀਆਂ ਨਾਸਕੀ ਧੁਨੀਆਂ ਬਾਰੇ ਚਰਚਾ ਕਰੋ। 10

6. ਹੇਠ ਲਿਖੇ ਪ੍ਰਸ਼ਨਾਂ ਵਿੱਚੋਂ ਕੋਈ **ਦੋ** ਦੇ ਸੰਖੇਪ ਉੱਤਰ ਦਿਉ :

(ੳ) ਮਾਤ ਭਾਸ਼ਾ ਦੇ ਅਧਿਆਪਨ ਦੀਆਂ ਕੀ ਸਮੱਸਿਆਵਾਂ ਹਨ ?

(ਅ) ਦੂਸਰੀ ਭਾਸ਼ਾ ਦੇ ਗਿਆਨ ਤੋਂ ਬਿਨਾਂ ਕੀ ਮੁਸ਼ਕਲਾਂ ਆਉਂਦੀਆਂ ਹਨ ?

(ੲ) ਮਾਤ ਭਾਸ਼ਾ ਤੇ ਦੂਸਰੀ ਭਾਸ਼ਾ ਦੇ ਕੀ ਲਾਭ ਹਨ ?

(ਸ) ਮਾਤ ਭਾਸ਼ਾ ਬੱਚਿਆਂ ਨੂੰ ਮਾਨਸਿਕ ਰੂਪ ਵਿੱਚ ਕਿਵੇਂ ਮਜ਼ਬੂਤ ਕਰਦੀ ਹੈ ? $2 \times 5 = 10$



www.a2zpapers.com

a2zpapers.com